# ਪੰਜਾਬ ਵਿਧਾਨ ਸਭਾ

-----------

## 16ਵੀਂ ਪੰਜਾਬ ਵਿਧਾਨ ਸਭਾ
## ਤੇਰ੍ਹਵਾਂ ਸਮਾਗਮ

-----------

## ਕਾਰਜ ਸੂਚੀ

03 ਅਗਸਤ 2026

11:00 ਵਜੇ ਪੂਰਵ ਦੁਪਹਿਰ

-----------

1. <u>ਅਕਾਲ ਚਲਾਣਿਆਂ ਦਾ ਵਰਣਨ</u>

(1) ਨਿਮਨਲਿਖਤ ਅਕਾਲ ਚਲਾਣਿਆਂ ਦਾ ਵਰਣਨ ਕੀਤਾ ਜਾਵੇਗਾ-

1. ਸ਼੍ਰੀ ਸਾਹੀ ਰਾਮ ਬਿਸ਼ਨੋਈ, ਸਾਬਕਾ ਵਿਧਾਇਕ;

2. ਸ਼ਹੀਦ ਸਰਬਜੀਤ ਸਿੰਘ, ਸਿਪਾਹੀ;

3. ਸਰਦਾਰ ਸੇਵਾ ਸਿੰਘ, ਸੁਤੰਤਰਤਾ ਸੰਗਰਾਮੀ; ਅਤੇ

4. ਸਰਦਾਰ ਰਣਧੀਰ ਸਿੰਘ, ਖਿਡਾਰੀ ।

2. <u>ਪ੍ਰਸ਼ਨ</u>

(1) ਵੱਖ ਸੂਚੀ ਵਿੱਚ ਦਰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਜਵਾਬ ਦਿੱਤੇ ਜਾਣਗੇ।

3. <u>ਮਾਣਯੋਗ ਸਪੀਕਰ /ਸਕੱਤਰ ਦੁਆਰਾ ਐਲਾਨ</u>

4. <u>ਧਿਆਨ ਦਿਵਾਊ ਨੋਟਿਸ</u>

(1) **ਡਾ. ਚਰਨਜੀਤ ਸਿੰਘ, ਐਮ.ਐਲ.ਏ.:-** ਲੋਕ ਨਿਰਮਾਣ (ਭ ਤ ਮ) ਮੰਤਰੀ ਦਾ ਧਿਆਨ ਸ਼੍ਰੀ ਚਮਕੌਰ ਸਾਹਿਬ ਵਿਧਾਨ ਸਭਾ ਹਲਕੇ ਵਿੱਚ ਖਰੜ-ਬੱਸੀ ਪਲਾਨ ਰੋਡ 'ਤੇ ਪੱਕਾ ਪੁਲ ਬਣਾਉਣ ਦੀ ਲੋੜ ਵੱਲ ਦਿਵਾਉਣਗੇ ।

(ਨੰ. 2)

(2) **ਡਾ. ਜਸਬੀਰ ਸਿੰਘ ਸੰਧੂ, ਐੱਮ.ਐੱਲ.ਏ** - ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦਾ ਧਿਆਨ ਮੁੱਖ ਮੰਤਰੀ ਸਿਹਤ ਯੋਜਨਾ' (MMSY) ਵਿੱਚ ਮੋਤੀਆਬਿੰਦ ਦੀ ਬੀਮਾਰੀ ਨੂੰ ਸ਼ਾਮਲ ਕਰਨ ਦੀ ਲੋੜ ਵੱਲ ਦਿਵਾਉਣਗੇ ।

(ਨੰ. 3)

(3) **ਸ਼੍ਰੀ ਬਲਕਾਰ ਸਿੰਘ ਸਿੱਧੂ, ਐੱਮ.ਐੱਲ.ਏ, ਐਮ.ਐਲ.ਏ.:-** ਸਿੱਖਿਆ ਮੰਤਰੀ ਦਾ ਧਿਆਨ ਰਾਮਪੁਰਾ ਫ਼ੂਲ ਵਿਖੇ ਸਥਿਤ ਸਰਕਾਰੀ ਮਿਡਲ ਸਕੂਲ (ਗਰਾਊਂਡ ਵਾਲਾ ਸਕੂਲ) ਦੀ ਇਮਾਰਤ ਦੀ ਖਸਤਾ ਹਾਲਤ ਵੱਲ ਦਿਵਾਉਣਗੇ ।

(ਨੰ. 14)

5. <u>ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ</u>

(1) i) **ਮਾਣਯੋਗ ਸਪੀਕਰ** ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਗੇ।

ii) **ਕਮੇਟੀ ਦਾ ਇੱਕ ਮੈਂਬਰ** ਪ੍ਰਸਤਾਵ ਕਰੇਗਾ ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

6. <u>ਵਿਧਾਨਕ ਕੰਮ-ਕਾਰ</u>

(1) **ਇੱਕ ਮੰਤਰੀ** ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿਲ, 2026 ਪੇਸ਼ ਕਰਨਗੇ।

**ਪੰਜਾਬ ਵਿਧਾਨ ਸਭਾ**
**ਚੰਡੀਗੜ੍ਹ -160001**
**ਮਿਤੀ:02 ਅਗਸਤ 2026 ਐਤਵਾਰ**

**ਰਾਮ ਲੋਕ ਖਟਾਣਾ**
**ਸਕੱਤਰ**
**ਪੰਜਾਬ ਵਿਧਾਨ ਸਭਾ**